# ਡਾਇਰੈਕਟੋਰੇਟ ਆਫ ਸਪੋਰਟਸ,ਪੰਜਾਬ

**ਐਸ.ਸੀ.ਓ.ਨੰ: 116-117, ਸੈਕਟਰ-34ਏ, ਚੰਡੀਗੜ੍ਹ**

## ਨਗਦ ਇਨਾਮ ਪਾਲਿਸੀ ਅਨੁਸਾਰ ਕੈਸ਼ ਐਵਾਰਡ ਪ੍ਰਾਪਤ ਕਰਨ ਲਈ ਕੰਪੀਟਿਸ਼ਨ, ਇਨਾਮ ਰਾਸ਼ੀ, ਯੋਗਤਾ

ਪੰਜਾਬ ਖੇਡ ਵਿਭਾਗ ਵੱਲੋਂ ਸਾਲ 2015-2016 (ਮਿਤੀ 1-4-2015 ਤੋਂ 31-3-2016 ਤੱਕ) ਦੌਰਾਨ ਹੇਠ ਲਿਖੇ ਖੇਡ ਮੁਕਾਬਲਿਆਂ ਵਿਚ ਮੈਡਲ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਖਿਡਾਰੀਆਂ ਪਾਸੋਂ ਨਗਦ ਇਨਾਮਾਂ ਲਈ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ:-

| **ਖੇਡ ਮੁਕਾਬਲੇ ਦਾ ਨਾਮ** | **ਰਾਸ਼ੀ** | | |
|---|---|---|---|
| | **ਸੋਨ ਤਗਮਾ** | **ਚਾਂਦੀ ਤਗਮਾ** | **ਕਾਂਸੇ ਤਗਮਾ** |
| ਉਲੰਪਿਕ ਗੇਮਜ਼ | 2.25 ਕਰੋੜ | 1.01 ਕਰੋੜ | 51.00 ਲੱਖ |
| ਆਫੀਸ਼ੀਅਲ ਵਰਲਡ ਕੱਪ/ ਚੈਂਪੀਅਨਸ਼ਿਪ (ਜੋ ਹਰ ਚਾਰ ਸਾਲ ਬਾਅਦ ਹੁੰਦਾ ਹੈ) | 21.00 ਲੱਖ | 11.00 ਲੱਖ | 7.00 ਲੱਖ |
| ਏਸ਼ੀਅਨ ਗੇਮਜ਼ | 26.00 ਲੱਖ | 16.00 ਲੱਖ | 11.00 ਲੱਖ |
| ਕਾਮਨਵੈਲਥ ਗੇਮਜ਼ | 16.00 ਲੱਖ | 11.00 ਲੱਖ | 6.00 ਲੱਖ |
| ਨੈਸ਼ਨਲ ਗੇਮਜ਼/ ਐਫਰੋ ਏਸ਼ੀਅਨ ਗੇਮਜ਼/ ਸੈਫ ਗੇਮਜ਼ | 3.00 ਲੱਖ | 2.00 ਲੱਖ | 1.00 ਲੱਖ |
| ਵਰਲਡ ਕੱਪ/ਏਸ਼ੀਅਨ ਚੈਂਪੀਅਨਸ਼ਿਪ/ ਕਾਮਨਵੈਲਥ ਚੈਂਪੀਅਨਸ਼ਿਪ ( ਜੋ ਹਰ 2 ਸਾਲ ਬਾਅਦ ਹੁੰਦੀ ਹੈ), ਵਿੱਚ 2 ਸਾਲਾਂ ਵਿੱਚ ਜੇਕਰ ਕਿਸੇ ਗੇਮ ਦੇ ਇੱਕ ਤੋਂ ਵੱਧ ਕੰਪੀਟੀਸ਼ਨ ਹੁੰਦੇ ਹਨ ਤਾਂ ਉਸ ਦੀ ਜੋ ਉੱਚੇਰੀ ਪ੍ਰਾਪਤੀ ਹੋਵੇਗੀ, ਅਵਾਰਡ ਦੀ ਰਾਸ਼ੀ ਸਿਰਫ ਉਸ ਪ੍ਰਾਪਤੀ ਲਈ ਹੀ ਦਿੱਤੀ ਜਾਵੇਗੀ। | 5.00 ਲੱਖ | 3.00 ਲੱਖ | 2.00 ਲੱਖ |
| ਓਲੰਪਿਕ ਗੇਮਜ਼ (ਹੈਡੀਕੈਪਡ ਕੈਟਾਗਿਰੀ) | 5.00 ਲੱਖ | 3.00 ਲੱਖ | 2.00 ਲੱਖ |
| ਅੰਤਰਰਾਸ਼ਟਰੀ ਪ੍ਰਤੀਯੋਗਤਾਵਾਂ (ਹੈਂਡੀਕੈਪਡ ਕੈਟਾਗਿਰੀ) | 2.00 ਲੱਖ | 1.25 ਲੱਖ | 0.75 ਲੱਖ |
| ਰਾਸ਼ਟਰੀ ਪ੍ਰਤੀਯੋਗਤਾਵਾਂ (ਹੈਂਡੀਕੈਪਡ ਕੈਟਾਗਿਰੀ) | 20,000/-ਰੁ. | 15,000/-ਰੁ. | 10,000/-ਰੁ. |
| ਸੀਨੀਅਰ ਰਾਸ਼ਟਰੀ ਪ੍ਰਤੀਯੋਗਤਾਵਾਂ | 40,000/-ਰੁ. | 20,000/-ਰੁ. | 15,000/-ਰੁ. |
| ਆਲ ਇੰਡੀਆ ਅੰਤਰ ਯੂਨੀਵਰਸਿਟੀ ਚੈਂਪੀਅਨਸ਼ਿਪ/ ਨੈਸ਼ਨਲ ਵਿਮੈਨ ਸਪੋਰਟਸ ਫੈਸਟੀਵਲ | 15,000/-ਰੁ. | 12,000/-ਰੁ. | 10,000/-ਰੁ. |
| ਨੈਸ਼ਨਲ ਸਕੂਲ ਗੇਮਜ਼ | 15,000/-ਰੁ. | 10,000/-ਰੁ. | 7,500/-ਰੁ. |
| ਸਰਵਭਾਰਤੀ ਪੇਂਡੂ ਟੂਰਨਾਂਮੈਂਟ | 15,000/-ਰੁ. | 10,000/-ਰੁ. | 7,000/-ਰੁ. |
| ਸੀਨੀਅਰ ਸਟੇਟ ਚੈਂਪੀਅਨਸ਼ਿਪ/ ਟੂਰਨਾਂਮੈਂਟ | 4,800/-ਰੁ. | 3,600/-ਰੁ. | 2,400/-ਰੁ. |
| ਵਰਲਡ ਵੈਟਰਨ ਅਤੇ ਏਸ਼ੀਅਨ ਵੈਟਰਨ ਐਥਲੈਟਿਕਸ ਚੈਂਪੀਅਨਸ਼ਿਪ | 50,000/-ਰੁ. | 30,000/-ਰੁ. | 20,000/-ਰੁ. |

ਜੂਨੀਅਰ ਖਿਡਾਰੀਆਂ ਨੂੰ ਕੈਸ਼ ਅਵਾਰਡ ਦੀ ਰਾਸ਼ੀ ਦੀ 50% ਰਾਸ਼ੀ ਮਿਲਣਯੋਗ ਹੋਵੇਗੀ। ਟੀਮ ਈਵੈਂਟ ਵਿੱਚ ਸਾਰੇ ਖਿਡਾਰੀਆਂ ਨੂੰ ਬਰਾਬਰ ਰਾਸ਼ੀ ਦਿੱਤੀ ਜਾਵੇਗੀ, ਜਿਸ ਤਰ੍ਹਾਂ ਵਿਅਕਤੀਗਤ ਖੇਡਾਂ ਵਿੱਚ ਦਿੱਤੀ ਜਾਂਦੀ ਹੈ।

**ਕੈਸ਼ ਐਵਾਰਡ ਲਈ ਯੋਗਤਾ**

1. ਗੇਮਾਂ :- ਐਕੁਏਟਿਕ (ਤੈਰਾਕੀ, ਵਾਟਰ ਪੋਲੋ, ਡਾਇਵਿੰਗ ਅਤੇ ਸਿੰਕਰੋਨਾਈਜ਼ਡ ਤੈਰਾਕੀ), ਐਥਲੈਟਿਕਸ, ਆਰਚਰੀ, ਬੈਡਮਿੰਟਨ, ਬਾਸਕਟਬਾਲ, ਬੇਸਬਾਲ, ਬਾਕਸਿੰਗ, ਕਨੋਇੰਗ ਅਤੇ ਕਾਇਕਿੰਗ, ਸਾਈਕਲਿੰਗ, ਘੋੜ ਸਵਾਰੀ, ਫੈਨਸਿੰਗ, ਫੁੱਟਬਾਲ, ਜਿਮਨਾਸਟਿਕਸ (ਸਮੇਤ ਰਿਦਮਿਕ ਜਿਮਨਾਸਟਿਕਸ), ਹੈਂਡਬਾਲ, ਹਾਕੀ, ਜੂਡੋ, ਮੌਡਰਨ ਪੈਂਟੇਥਲੋਨ, ਰੋਇੰਗ, ਸੇਲਿੰਗ, ਸ਼ੂਟਿੰਗ, ਸਾਫਟਬਾਲ, ਟੇਬਲ ਟੈਨਿਸ, ਤਾਈਕਵਾਂਡੋ, ਟੈਨਿਸ, ਟਰਾਈਐਥਲੋਨ, ਵਾਲੀਬਾਲ (ਸਮੇਤ ਬੀਚ ਵਾਲੀਬਾਲ), ਕੁਸ਼ਤੀ (ਫਰੀ ਸਟਾਈਲ ਅਤੇ ਗਰੀਕੋ ਰੋਮਨ), ਵੇਟ ਲਿਫਟਿੰਗ, ਕਬੱਡੀ (ਸਰਕਲ ਅਤੇ ਨੈਸ਼ਨਲ ਸਟਾਈਲ) ਅਤੇ ਕ੍ਰਿਕਟ।

2. ਕੈਸ਼ ਐਵਾਰਡ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਵੱਲੋਂ ਡਾਇਰੈਕਟਰ ਸਪੋਰਟਸ ਪੰਜਾਬ ਨੂੰ ਸਵੈ-ਘੋਸ਼ਣਾ ਪੱਤਰ ਦੇਣਾ ਹੋਵੇਗਾ ਕਿ ਉਹ ਅਗਲੇ 5 ਸਾਲਾਂ ਤੱਕ ਪੰਜਾਬ ਸਟੇਟ ਦੀ ਪ੍ਰਤੀਨਿਧਤਾ ਕਰਨਗੇ। ਇਸ ਦੀ ਸਿਰਫ ਉਹਨਾਂ ਖਿਡਾਰੀਆਂ/ਖਿਡਾਰਨਾਂ ਨੂੰ ਛੋਟ ਹੋਵੇਗੀ ਜੋ ਸਰਕਾਰੀ/ਅਰਧ ਸਰਕਾਰੀ ਵਿਭਾਗਾਂ ਵਿਚ ਸਰਵਿਸ ਕਰਦੇ ਹੋਣ ਕਰਕੇ ਪੰਜਾਬ ਦੀ ਪ੍ਰਤੀਨਿੱਧਤਾ ਨਹੀਂ ਕਰ ਸਕੇ। ਅਜਿਹੇ ਕਰਮਚਾਰੀ ਹੋਰ ਸਾਰੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ।

3. ਖਿਡਾਰੀਆਂ ਵਲੋਂ ਆਫੀਸ਼ੀਅਲ ਅੰਤਰਰਾਸ਼ਟਰੀ, ਰਾਸ਼ਟਰੀ, ਰਾਜ ਸੰਸਥਾਵਾਂ ਜਾਂ ਭਾਰਤੀ ਉਲੰਪਿਕ ਸੰਸਥਾ ਵਲੋਂ ਜਾਰੀ ਕੀਤੇ ਮੈਡਲਾਂ/ ਪੁਜੀਸ਼ਨਾਂ/ ਟਾਈਟਲਜ ਦੇ ਪ੍ਰਾਪਤੀਆਂ ਦੇ ਸਰਟੀਫਿਕੇਟਾਂ ਦੀਆਂ ਸਵੈ ਤਸਦੀਕ ਸ਼ੁਦਾ ਕਾਪੀਆਂ ਅਤੇ ਆਪਣੀਆਂ 2 ਤਾਜ਼ਾ ਪਾਸਪੋਰਟ ਸਾਈਜ ਫੋਟੋਆਂ, ਆਪਣੇ ਬਿਨੈ ਪੱਤਰ ਨਾਲ ਨੱਥੀ ਕਰਕੇ ਭੇਜਣੀਆਂ ਹੋਣਗੀਆਂ।

4. ਜਿਨ੍ਹਾਂ ਖਿਡਾਰੀਆਂ ਨੇ ਸਾਲ 2015-2016 (ਮਿਤੀ 1-4-2015 ਤੋਂ 31-3-2016 ਤੱਕ) ਦੌਰਾਨ ਹੋਏ ਕੰਪੀਟੀਸ਼ਨਾਂ ਵਿਚ ਮੈਡਲ ਪ੍ਰਾਪਤ ਕੀਤੇ ਹਨ, ਕੇਵਲ ਉਨ੍ਹਾਂ ਖਿਡਾਰੀਆਂ ਨੂੰ ਹੀ ਕੈਸ਼ ਐਵਾਰਡ ਲਈ ਵਿਚਾਰਿਆ ਜਾਵੇਗਾ।

ਯੋਗ ਖਿਡਾਰੀ ਆਪਣੇ ਬਿਨੈ ਪੱਤਰ ਨਿਰਧਾਰਤ ਪ੍ਰੋਫਾਰਮੇ ਵਿੱਚ ਸਬੰਧਤ ਜਿਲ੍ਹਾ ਖੇਡ ਅਫਸਰ/ਪੰਜਾਬ ਉਲੰਪਿਕ ਸੰਸਥਾ ਰਾਹੀਂ ਜਾਂ ਡਾਇਰੈਕਟਰ ਸਪੋਰਟਸ, ਪੰਜਾਬ ਨੂੰ ਸਿੱਧੇ ਤੌਰ ਤੇ ਐਸ.ਸੀ.ਓ. ਨੰਬਰ -116-117, ਸੈਕਟਰ 34-ਏ, ਚੰਡੀਗੜ੍ਹ ਵਿਖੇ ਮਿਤੀ 10-01-2017 ਤੱਕ ਭੇਜਣਗੇ। ਇਸ ਮਿਤੀ ਤੋਂ ਬਾਅਦ ਵਿਚ ਪ੍ਰਾਪਤ ਹੋਏ ਬਿਨੈ ਪੱਤਰਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਸਹੀ/-

**ਡਾਇਰੈਕਟਰ ਸਪੋਰਟਸ,ਪੰਜਾਬ।**

# ਮਿਤੀ 01-4-2015 ਤੋਂ 31-3-2016 ਤੱਕ ਦੇ ਮੈਡਲ ਜੇਤੂ ਖਿਡਾਰੀਆਂ ਪਾਸੋਂ ਨਗਦ ਇਨਾਮਾਂ ਲਈ ਬਿਨੈ-ਪੱਤਰ ਦਾ ਪ੍ਰੋਫਾਰਮਾ

1. ਖੇਡ ਦਾ ਨਾਂ ..................................................

2. ਨਾਮ ..................................................

3. ਪੁੱਤਰ/ਪੁੱਤਰੀ/ਪਤਨੀ ਸ੍ਰੀ ..................................................

4. ਜਨਮ ਮਿਤੀ ..................................................

5. ਵਿਦਿਅਕ ਯੋਗਤਾ ..................................................

6. ਪ੍ਰੋਫੈਸ਼ਨਲ ਯੋਗਤਾ ..................................................

7. ਪੱਤਰ ਵਿਹਾਰ ਲਈ ਪਤਾ ..................................................

8. ਪੱਕਾ ਪਤਾ ..................................................

9. ਟੈਲੀਫੋਨ ਨੰਬਰ ..................................................

10. ਮੋਬਾਇਲ ਨੰਬਰ ..................................................

11. ਬੈਂਕ ਅਕਾਊਂਟ ਡਿਟੇਲ:-

ੳ) ਅਕਾਉਂਟ ਨੰਬਰ ..................................................

ਅ) ਬੈਂਕ ਦਾ ਨਾਮ ਅਤੇ ਸਥਾਨ ..................................................

ੲ) ਆਈ.ਐਫ.ਐਸ.ਸੀ .ਕੋਡ ਨੰਬਰ ..................................................

12. ਨੈਸ਼ਨਲ ਚੈਂਪੀਅਨਸ਼ਿਪ/ ਨੈਸ਼ਨਲ ਗੇਮਜ ਵਿੱਚ ਪੰਜਾਬ ਦੀ ਪ੍ਰਤੀਨਿਧਤਾ

| ਕੰਪੀਟੀਸਨ ਦਾ ਨਾਮ | ਸਾਲ | ਸਥਾਨ | ਮਿਤੀਆਂ |
|---|---|---|---|
| | | | |

13. ਖੇਡ ਪ੍ਰਾਪਤੀਆਂ

| ਲੜੀ ਨੰਬਰ | ਕੰਪੀਟੀਸ਼ਨ ਦਾ ਨਾਂ | ਸਥਾਨ | ਮਿਤੀ | ਪੁਜੀਸ਼ਨ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |

ਖਿਡਾਰੀ ਦੇ ਹਸਤਾਖਰ